ਸਿਖਿਆ ਲੈਣੀ ਚਾਹੀਦੀ ਹੈ।

Tender Heart High School 33 B Chd

Class – 8

ਲੇਖ ਰਚਨਾ

Ramandeep Kaur

## 5. ਪੰਦਰਾਂ ਅਗਸਤ
## ਜਾਂ
## ਸਾਡੇ ਦੇਸ ਦਾ ਸੁਤੰਤਰਤਾ-ਦਿਵਸ

**ਜਾਣ-ਪਛਾਣ :** 15 ਅਗਸਤ ਜਾਂ ਸੁਤੰਤਰਤਾ–ਦਿਵਸ ਸਾਡਾ ਕੌਮੀ ਤਿਉਹਾਰ ਹੈ। ਇਹ ਦੇਸ ਦੀ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਹੈ।

**ਅੰਗਰੇਜ਼ਾਂ ਦਾ ਸਲੂਕ :** ਅੰਗਰੇਜ਼ ਭਾਰਤੀਆਂ ਨਾਲ਼ ਚੰਗਾ ਸਲੂਕ ਨਹੀਂ ਸਨ ਕਰਦੇ। ਭਾਰਤੀ ਲੋਕ ਰੇਲ-ਡੱਬੇ ਵਿੱਚ ਅੰਗਰੇਜ਼ਾਂ ਨਾਲ਼ ਬੈਠ ਕੇ ਸਫ਼ਰ ਨਹੀਂ ਸਨ ਕਰ ਸਕਦੇ। ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨੂੰ ਵੀ ਆਪਣੀ ਗ਼ੁਲਾਮੀ ਦਾ ਅਨੁਭਵ ਹੋਇਆ। ਸਿੱਟੇ ਵਜੋਂ ਉਹਨਾਂ ਨੇ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ।

**ਅਜ਼ਾਦੀ ਦਾ ਸੰਘਰਸ਼ :** ਅੰਗਰੇਜ਼ਾਂ ਦੀ ਲੰਮੇ ਸਮੇਂ ਦੀ ਗ਼ੁਲਾਮੀ ਅਤੇ ਉਹਨਾਂ ਦੇ ਭੈੜੇ ਸਲੂਕ ਤੋਂ ਲੋਕ ਤੰਗ ਆ ਗਏ ਸਨ। ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨੂੰ ਵੀ ਆਪਣੀ ਗ਼ੁਲਾਮੀ ਦਾ ਅਨੁਭਵ ਹੋਇਆ। ਸਿੱਟੇ ਵਜੋਂ ਅੰਗਰੇਜ਼ਾਂ ਵਿਰੁੱਧ ਸੰਘਰਸ਼ ਸ਼ੁਰੂ ਹੋਇਆ। ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਲਾਲਾ ਲਾਜਪਤ ਰਾਏ ਦੇਸ ਦੀ ਅਜ਼ਾਦੀ ਲਈ ਸ਼ਹੀਦ ਹੋਏ। ਗਾਂਧੀ ਜੀ ਦੇ ਸ਼ਾਂਤਮਈ ਸੰਘਰਸ਼/ਅਸਹਿਯੋਗ ਅੰਦੋਲਨ ਨੇ ਅੰਤ ਅੰਗਰੇਜ਼ਾਂ ਨੂੰ ਭਾਰਤ ਛੱਡ ਕੇ ਜਾਣ ਲਈ ਮਜਬੂਰ ਕਰ ਦਿੱਤਾ। ਲੰਮੇ ਸੰਘਰਸ਼ ਤੋਂ ਬਾਅਦ ਭਾਰਤ 15 ਅਗਸਤ, 1947 ਈ. ਨੂੰ ਅਜ਼ਾਦ ਹੋਇਆ। ਦੇਸ ਦੀ ਅਜ਼ਾਦੀ ਲਈ ਵੱਖ–ਵੱਖ ਧਰਮਾਂ ਅਤੇ ਜਾਤਾਂ ਦੇ ਲੋਕਾਂ ਨੇ ਸਾਂਝੇ ਰੂਪ ਵਿੱਚ ਕੁਰਬਾਨੀਆਂ ਦਿੱਤੀਆਂ।

**ਸੁਤੰਤਰਤਾ-ਦਿਵਸ ਮਨਾਉਣਾ :** ਦੇਸ ਦੀ ਅਜ਼ਾਦੀ ਲਈ ਜਾਨਾਂ ਵਾਰਨ ਵਾਲ਼ੇ ਸ਼ਹੀਦਾਂ ਦੀ ਯਾਦ ਅਤੇ ਅਜ਼ਾਦੀ ਦੀ ਖ਼ੁਸ਼ੀ ਨੂੰ ਮਨਾਉਣ ਲਈ ਹਰ ਸਾਲ 15 ਅਗਸਤ ਵਾਲ਼ੇ ਦਿਨ ਦੇਸ ਭਰ ਵਿੱਚ ਸੁਤੰਤਰਤਾ-ਦਿਵਸ ਬਹੁਤ ਖ਼ੁਸ਼ੀ ਅਤੇ ਉਤਸ਼ਾਹ ਨਾਲ਼ ਮਨਾਇਆ ਜਾਂਦਾ ਹੈ। ਵਿਦੇਸ਼ਾਂ ਵਿੱਚ ਰਹਿਣ ਵਾਲ਼ੇ ਭਾਰਤੀ ਵੀ ਸੁਤੰਤਰਤਾ-ਦਿਵਸ ਦੇ ਮੌਕੇ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹਨ।

**ਮੁੱਖ ਸਮਾਗਮ :** ਰਾਸ਼ਟਰੀ ਪੱਧਰ 'ਤੇ 15 ਅਗਸਤ ਦਾ ਪੁਰਬ ਦਿੱਲੀ ਵਿਖੇ ਮਨਾਇਆ ਜਾਂਦਾ ਹੈ। ਪ੍ਰਧਾਨ ਮੰਤਰੀ ਦਿੱਲੀ ਦੇ ਲਾਲ ਕਿਲ੍ਹੇ 'ਤੇ ਤਿਰੰਗਾ ਲਹਿਰਾਉਂਦੇ ਹਨ ਅਤੇ ਦੇਸ-ਵਾਸੀਆਂ ਨੂੰ ਸੰਬੋਧਨ ਕਰਦੇ ਹਨ। ਪ੍ਰਧਾਨ ਮੰਤਰੀ ਆਪਣੇ ਭਾਸ਼ਣ ਵਿੱਚ ਦੇਸ ਦੀਆਂ ਪ੍ਰਾਪਤੀਆਂ, ਸਮੱਸਿਆਵਾਂ ਅਤੇ ਆਉਣ ਵਾਲ਼ੇ ਸਮੇਂ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੰਦੇ ਹਨ। ਟੈਲੀਵਿਜ਼ਨ 'ਤੇ ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਹੁੰਦਾ ਹੈ।

**ਪ੍ਰਾਂਤਾਂ ਦੇ ਸਮਾਗਮ :** ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦੀਆਂ ਰਾਜਧਾਨੀਆਂ ਤੋਂ ਬਿਨਾਂ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਵੀ ਅਜ਼ਾਦੀ ਦਿਵਸ ਮਨਾਇਆ ਜਾਂਦਾ ਹੈ। ਪ੍ਰਾਂਤ-ਪੱਧਰ ਦੇ ਮੁੱਖ ਸਮਾਗਮ ਵਿੱਚ ਮੁੱਖ ਮੰਤਰੀ ਝੰਡਾ ਲਹਿਰਾਉਂਦੇ ਹਨ। ਸਕੂਲਾਂ, ਕਾਲਜਾਂ ਤੋਂ ਬਿਨਾਂ ਰਾਜਨੀਤਿਕ ਪਾਰਟੀਆਂ ਵੱਲੋਂ ਵੀ ਸੁਤੰਤਰਤਾ ਦਿਵਸ ਮਨਾਉਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਮੌਕੇ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ, ਸੱਭਿਆਚਾਰਿਕ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ ਅਤੇ ਦੇਸ-ਭਗਤੀ ਦੇ ਗੀਤ ਗਾਏ ਜਾਂਦੇ ਹਨ। ਚਾਰੇ ਪਾਸੇ ਖ਼ੁਸ਼ੀ ਦਾ ਮਾਹੌਲ ਹੁੰਦਾ ਹੈ। ਇਸ ਦਿਨ ਦੇਸ ਭਰ ਵਿੱਚ ਸਰਕਾਰੀ ਛੁੱਟੀ ਹੁੰਦੀ ਹੈ।

**ਸਾਰਾਂਸ਼ :** 15 ਅਗਸਤ ਸਾਡਾ ਇੱਕ ਕੌਮੀ ਤਿਉਹਾਰ ਹੈ। ਇਸ ਦਿਨ ਸਾਨੂੰ ਆਪਣੀ ਅਜ਼ਾਦੀ ਨੂੰ ਬਣਾਈ ਰੱਖਣ ਦਾ ਪ੍ਰਣ ਲੈਣਾ ਚਾਹੀਦਾ ਹੈ।